ਚੰਡੀਗੜ੍ਹ, ਪੰਜਾਬੀ ਟ੍ਰਿਬਿਊਨ, ਮੰਗਲਵਾਰ, 8 ਮਈ 2018

# ਬੇਲਾ ਕਾਲਜ ਦੇ ਹੋਣਹਾਰ ਵਿਦਿਆਰਥੀਆਂ ਦਾ ਸਨਮਾਨ

**ਨਿੱਜੀ ਪੱਤਰ ਪ੍ਰੇਰਕ**

**ਚਮਕੌਰ ਸਾਹਿਬ, 7 ਮਈ**

ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ ਬੇਲਾ ਵਿੱਚ 15 ਮਈ ਤੋਂ 15 ਜੁਲਾਈ ਤੱਕ ਮੁਫ਼ਤ ਸਪੋਕਨ ਇੰਗਲਿਸ਼ ਅਤੇ ਕੰਪਿਊਟਰ ਦੀ ਬੇਸਿਕ ਸਿਖਲਾਈ ਦਾ ਕੋਰਸ ਲਗਾਇਆ ਜਾ ਰਿਹਾ ਹੈ। ਕਾਲਜ ਕਮੇਟੀ ਦੇ ਮੈਨੇਜਰ ਸੁਖਵਿੰਦਰ ਸਿੰਘ ਵਿਸਕੀ ਨੇ ਦੱਸਿਆ ਕਿ ਨੌਜਵਾਨਾਂ ਨੂੰ ਉਪਰੋਕਤ ਕੋਰਸਾਂ ਦੀ ਸਿਖਲਾਈ ਇੱਕ ਮਹੀਨੇ ਲਈ ਬਿਲਕੁਲ ਮੁਫ਼ਤ ਦਿੱਤੀ ਜਾਵੇਗੀ। ਕਾਲਜ ਦੇ ਪ੍ਰਿੰਸੀਪਲ ਪ੍ਰੋ. ਸੁਰਮੁੱਖ ਸਿੰਘ ਨੇ ਦੱਸਿਆ ਕਿ ਇਨ੍ਹਾਂ ਕੋਰਸਾਂ ਵਿੱਚ ਬਾਰਵੀਂ ਪਾਸ ਅਤੇ ਇਸ ਤੋਂ ਉਚੇਰੀ ਵਿਦਿਅਕ ਯੋਗਤਾ ਰੱਖਦੇ ਵਿਦਿਆਰਥੀ ਆ ਸਕਦੇ ਹਨ। ਉਨ੍ਹਾਂ ਦੱਸਿਆ ਕਿ ਕਾਲਜ ਦੇ ਐੱਮਐੱਸਸੀ (ਗਣਿਤ) ਦਾ ਨਤੀਜਾ 100 ਫ਼ੀਸਦੀ ਰਿਹਾ, ਜਿਸ ਵਿੱਚ ਵਿਦਿਆਰਥਣ ਰਖਵਿੰਦਰ ਕੌਰ 88 ਫ਼ੀਸਦੀ ਨੰਬਰ ਲੈ ਕੇ ਕਾਲਜ ਵਿੱਚੋਂ ਪਹਿਲੇ ਨੰਬਰ 'ਤੇ ਰਹੀ, ਜਦੋਂ ਕਿ ਰੁਪਿੰਦਰ ਕੌਰ 76 ਫ਼ੀਸਦੀ ਅਤੇ ਰੁਪਿੰਦਰ ਕੌਰ 74 ਫ਼ੀਸਦੀ ਨੰਬਰ ਲੈ ਕੇ ਕ੍ਰਮਵਾਰ ਦੂਜੇ ਤੇ ਤੀਜੇ ਸਥਾਨ 'ਤੇ ਰਹੀਆਂ। ਇਸੇ ਤਰ੍ਹਾਂ ਐੱਮਐੱਸਸੀ (ਆਈ.ਟੀ.) ਸਮੈਸਟਰ ਤੀਜਾ ਵਿੱਚੋਂ ਦਲਜੀਤ ਕੌਰ 70 ਫ਼ੀਸਦੀ, ਮਨਪ੍ਰੀਤ 67 ਫ਼ੀਸਦੀ, ਭਰਿਗੂ ਭਾਰਤੀ ਸ਼ਰਮਾ 67 ਫ਼ੀਸਦੀ ਨੰਬਰ ਲੈ ਕੇ ਕ੍ਰਮਵਾਰ ਪਹਿਲੇ ਅਤੇ ਦੂਜੇ ਸਥਾਨ 'ਤੇ ਰਹੀਆਂ। ਇਨ੍ਹਾਂ ਵਿਦਿਆਰਥੀਆਂ ਨੂੰ ਪ੍ਰਧਾਨ ਸੰਗਤ ਸਿੰਘ ਲੌਂਗੀਆ, ਮੈਨੇਜਰ ਸੁਖਵਿੰਦਰ ਸਿੰਘ ਵਿਸਕੀ ਤੇ ਸਕੱਤਰ ਜਗਵਿੰਦਰ ਸਿੰਘ ਪੰਮੀ ਨੇ ਸਨਮਾਨਿਤ ਕੀਤਾ।



ਅੱਵਲ ਰਹੇ ਵਿਦਿਆਰਥੀਆਂ ਨੂੰ ਸਨਮਾਨੇ ਜਾਣ ਦਾ ਦ੍ਰਿਸ਼। -ਫੋਟੋ: ਬੱਬੀ